**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

**ਹੁਕਮ ਨੰਬਰ:-ਪ/ਫ-24/22-2013-ਅਮਲਾ-1 (1)**
**ਮਿਤੀ ਐਸ.ਏ.ਐਸ. ਨਗਰ:- 17/10/2018**

ਸ਼੍ਰੀਮਤੀ ਸੁਰਜੀਤ ਕੌਰ, ਟੀਚਰ, ਸ:ਐ:ਸ: ਵਡਾਲਾ, ਬਲਾਕ ਪੂਰਬੀ-3 (ਜਲੰਧਰ) ਵਿਰੁੱਧ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਹੁਕਮ ਨੰਬਰ:-ਅ-1/2004/435-36/2665-66 ਮਿਤੀ 14/12/2004 ਅਨੁਸਾਰ ਉਸ ਦੇ ਮਿਤੀ 28/01/2001 ਤੋਂ ਹਾਜਰ ਹੋਣ ਦੀ ਮਿਤੀ ਤੱਕ 262 ਦਿਨਾਂ ਦੇ ਬਿਨ੍ਹਾਂ ਤਨਖਾਹ ਛੁੱਟੀ ਪ੍ਰਵਾਨ ਕਰਦੇ ਹੋਏ ਗੈਰ ਹਾਜਰੀ ਦੇ ਸਬੰਧ ਵਿਚ ਦੋ ਸਲਾਨਾ ਤਰੱਕੀਆਂ ਭਵਿੱਖੀ ਅਸਰ ਨਾਲ ਬੰਦ ਕਰ ਦਿੱਤੀਆਂ ਗਈਆਂ ਸਨ।

ਸ਼੍ਰੀਮਤੀ ਸੁਰਜੀਤ ਕੌਰ ਵਲੋਂ ਇਸ ਮਾਮਲੇ ਸਬੰਧੀ ਆਪਣੀ ਅਪੀਲ ਜੋ ਕਿ ਬੀ.ਪੀ.ਈ.ਓ. ਪੂਰਬੀ-3 ਰਾਹੀਂ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਰਾਹੀਂ ਮੁੱਖ ਦਫਤਰ ਨੂੰ ਸਾਲ 2013 ਵਿਚ ਉਸ ਵਿਰੁੱਧ ਦਿੱਤੀ ਗਈ ਸਜਾ ਕਿ ਸਲਾਨਾ ਤਰੱਕੀਆਂ ਭਵਿੱਖੀ ਅਸਰ ਨਾਲ ਬੰਦ ਕਰਕੇ ਦੇ ਸਬੰਧ ਵਿਚ ਅਪੀਲ ਦਾਇਰ ਕੀਤੀ ਸੀ। ਇਸ ਅਪੀਲ ਦੇ ਸਬੰਧ ਵਿਚ ਮੁੱਖ ਦਫਤਰ ਵਲੋਂ ਅਪੀਲ ਦਾ ਫੈਸਲਾ ਕਰਦੇ ਹੋਏ ਹੁਕਮ ਨੰਬਰ:- 24/22-2013-ਅਮਲਾ-1(1) ਮਿਤੀ 26/08/2013 ਅਨੁਸਾਰ ਸਬੰਧਤ ਨੂੰ ਲਿਖਤੀ ਰੂਪ ਵਿਚ ਸੂਚਿਤ ਕੀਤਾ ਗਿਆ ਸੀ ਕਿ ਦੋਸ਼ੀ ਕਰਮਚਾਰਨ ਵਲੋਂ ਉਸ ਵਿਰੁੱਧ ਦਿੱਤੀ ਗਈ ਸਜਾ ਦੇ ਸੰਨਮੁੱਖ 08 ਸਾਲ ਬਾਅਦ ਕੀਤੀ ਗਈ ਅਪੀਲ ਲਾਈ ਨਹੀਂ ਕਰਦੀ । ਮੁੱਖ ਦਫਤਰ ਵਲੋਂ ਜਾਰੀ ਕੀਤੇ ਗਏ ਹੁਕਮਾਂ ਦੀ ਕਾਪੀ ਸਬੰਧਤ ਟੀਚਰ ਨੂੰ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਉਸ ਵਲੋ ਮੁੱਖ ਦਫਤਰ ਨੂੰ ਮੁੜ ਪੇਸ਼ ਕੀਤੀ ਗਈ ਪ੍ਰਤੀ ਬੇਨਤੀ ਨਿੱਲ ਦੇ ਸਬੰਧ ਵਿਚ ਮੁੜ ਲਿਖਤੀ ਰੂਪ ਵਿਚ ਅਪੀਲ ਕਰਤਾ ਨੂੰ ਮੁੱਖ ਦਫਤਰ ਵਲੋਂ ਲਏ ਗਏ ਫੈਸਲੇ ਸਬੰਧੀ ਸੂਚਿਤ ਕੀਤਾ ਗਿਆ।

ਉਪਰੋਕਤ ਦੇ ਸਬੰਧ ਵਿਚ ਹੁਣ ਮੁੜ ਸ਼੍ਰੀਮਤੀ ਸੁਰਜੀਤ ਕੌਰ, ਹੈੱਡ ਟੀਚਰ, ਸ:ਐ:ਸ: ਵਡਾਲਾ, ਬਲਾਕ ਪੂਰਬੀ-3 (ਜਲੰਧਰ) ਵਲੋ ਦਿੱਤੀਆਂ ਗਈਆਂ ਪ੍ਰਤੀ ਬੇਨਤੀਆਂ ਵਿਚ ਦਰਜ ਕੀਤੇ ਗਏ ਤੱਥ ਕਿ ਉਸ ਵਲੋਂ ਆਪਣੇ ਪੁੱਤਰ ਨੂੰ ਆਪਣੀ ਕਿਡਨੀ ਦਾਨ ਵਜੋਂ ਦਿੱਤੀ ਗਈ ਹੈ। ਉਸ ਦੀ ਰਿਟਾਇਰਮੈਂਟ ਨੇੜਲੇ ਭਵਿੱਖ ਵਿਚ ਹੈ। ਇਸ ਲਈ ਉਸ ਦੇ ਆਪਣੇ ਇਲਾਜ ਅਤੇ ਬੱਚੇ ਦੇ ਇਲਾਜ ਤੇ ਭਾਰੀ ਖਰਚ ਨੂੰ ਧਿਆਨ ਵਿਚ ਰੱਖਦੇ ਹੋਏ ਮੰਗ ਕੀਤੀ ਗਈ ਕਿ ਉਸ ਦੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਦਿੱਤੀ ਗਈ ਸਜਾ ਅਨੁਸਾਰ ਉਸ ਦੀਆਂ ਦੋ ਸਲਾਨਾ ਤਰੱਕੀਆਂ ਰਲੀਜ ਕੀਤੀਆਂ ਜਾਣ।

ਇਸ ਮਾਮਲੇ ਵਿਚ ਪ੍ਰਾਰਥਣ ਵਲੋਂ ਦੱਸੇ ਗਏ ਹਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਮਾਮਲੇ ਨੂੰ ਰਿਕਾਰਡ ਦੇ ਅਧਾਰ ਤੇ ਗਹੁ ਨਾਲ ਵਿਚਾਰਨ ਉਪਰੰਤ ਇਹ ਪਾਇਆ ਗਿਆ ਹੈ ਕਿ ਉਸ ਦੀਆਂ ਪੱਕੇ ਤੌਰ ਤੇ ਬੰਦ ਕੀਤੀਆਂ ਗਈਆਂ ਦੋ ਸਲਾਨਾ ਤਰੱਕੀਆਂ ਕਾਰਨ ਪਹਿਲਾਂ ਹੀ ਉਸ ਨੂੰ ਸਜਾ ਮਿਲ ਚੁੱਕੀ ਹੈ।

ਹੁਣ ਸ਼੍ਰੀਮਤੀ ਸੁਰਜੀਤ ਕੌਰ , ਹੈੱਡ ਟੀਚਰ, ਸ:ਐ:ਸ: ਵਡਾਲਾ, ਬਲਾਕ ਪੂਰਬੀ-3 (ਜਲੰਧਰ) ਦੀਆਂ ਜਿਲ੍ਹਾ ਸਿਖਿਆ ਅਫਸਰ (ਐ:ਸਿ:)ਜਲੰਧਰ ਵਲੋਂ ਹੁਕਮ ਨੰਬਰ:- ਨੰਬਰ:-ਅ-1/2004/435-36 /2665- 66 ਮਿਤੀ 14/12/2004 ਅਨੁਸਾਰ ਦੋ ਸਲਾਨਾ ਤਰੱਕੀਆਂ ਜੋ ਭਵਿੱਖੀ ਅਸਰ ਸਮੇਤ ਬੰਦ ਕੀਤੀਆਂ ਗਈਆਂ ਸਨ ਨੂੰ ਤਤਕਾਲ ਸਮੇਂ ਤੋਂ ਰਲੀਜ ਕੀਤੀਆਂ ਜਾਂਦੀਆਂ ਹਨ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਇਸ ਕਰਮਚਾਰਣ ਨੂੰ ਪਿਛਲਾ ਕੋਈ ਬਕਾਇਆ ਆਦਿ ਮਿਲਣਯੋਗ ਨਹੀਂ ਹੋਵੇਗਾ।

**ਕ੍ਰਿਸ਼ਨ ਕੁਮਾਰ,**

**ਮਿਤੀ 17/10/2018** **ਸਕੱਤਰ ਪੰਜਾਬ ਸਰਕਾਰ**

**ਸਕੂਲ ਸਿਖਿਆ ਵਿਭਾਗ**

**ਪਿੱਠ ਅੰਕਣ ਨੰਬਰ:-ਉਕਤ** 9523 **ਮਿਤੀ ਐਸ.ਏ.ਐਸ. ਨਗਰ:-** 22/10/18

**ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. ਨਿੱਜੀ ਸਕੱਤਰ/ਮਾਨਯੋਗ ਸਿਖਿਆ ਮੰਤਰੀ ਜੀ।
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿਖਿਆ ਜੀ।
3. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਕਰਮਚਾਰਨ ਦੀਆਂ ਸਾਲ 2004 ਵਿਚ ਬੰਦ ਕੀਤੀਅ ਦੋ ਸਲਾਨਾ ਤਰੱਕੀਆਂ ਬਹਾਲ ਕਰਦੇ ਹੋਏ ਤਨਖਾਹ ਫਿਕਸ ਕਰਕੇ ਸੇਵਾ ਪੱਤਰੀ ਵਿਚ ਲੋੜੀਂਦੇ ਅੰਦਰਾਜ ਕਰਕੇ ਸੇਵਾ ਪੱਤਰੀ ਦਾ ਪਹਿਲਾਂ ਪੰਨਾਂ ਅਤੇ ਅੰਦਰਾਜ ਵਾਲੇ ਸਬੰਧਤ ਪੰਨੇ ਦੀ ਤਸਦੀਕੀ ਕਾਪੀ ਇਸ ਦਫਤਰ ਨੂੰ 02 ਦਿਨਾਂ ਦੇ ਅੰਦਰ-ਅੰਦਰ ਭੇਜੀ ਜਾਵੇ।
4. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ।
5. ਜਿਲ੍ਹਾ ਖਜਾਨਾ ਅਫਸਰ, ਜਲੰਧਰ।
6. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਪੂਰਬੀ-3 (ਜਲੰਧਰ)
7. ਸ਼੍ਰੀਮਤੀ ਸੁਰਜੀਤ ਕੌਰ, ਹੈੱਡ ਟੀਚਰ, ਸ:ਐ:ਸ: ਵਡਾਲਾ, ਬਲਾਕ ਪੂਰਬੀ-3 (ਜਲੰਧਰ)
8. ਐਮ.ਆਈ.ਐਸ ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

22/10/18

**ਸਹਾਇਕ ਡਾਇਰੈਕਟਰ(ਅਮਲਾ)**